# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।
# ਪ੍ਰੈਸ ਨੋਟ

## ਮੁੱਖ ਮੰਤਰੀ ਪੰਜਾਬ ਸਰਦਾਰ ਪ੍ਰਕਾਸ਼ ਸਿੰਘ ਬਾਦਲ ਵੱਲੋਂ ਹੁਸ਼ਿਆਰਪੁਰ ਵਿਖੇ ਕੀਤੇ ਸੰਗਤ ਦਰਸ਼ਨ ਦੌਰਾਨ ਘੋਸ਼ਿਤ ਕੀਤੇ ਵਿਕਾਸ ਕੰਮਾਂ ਲਈ 4.78 ਕਰੋੜ ਦੇ ਚੈਂਕ ਤਿਕਸ਼ਨ ਸੂਦ ਨੇ ਨਗਰ ਨਿਗਮ ਨੂੰ ਸੋਪੇ

ਹੁਸ਼ਿਆਰਪੁਰ 21 ਅਕਤੂਬਰ ਮੁੱਖ ਮੰਤਰੀ ਪੰਜਾਬ ਸਰਦਾਰ ਪ੍ਰਕਾਸ਼ ਸਿੰਘ ਬਾਦਲ ਵੱਲੋਂ 10 ਅਕਤੂਬਰ ਨੂੰ ਹੁਸ਼ਿਆਰਪੁਰ ਵਿਖੇ ਕੀਤੇ ਗਏ ਸੰਗਤ ਦਰਸ਼ਨ ਦੌਰਾਨ ਨਗਰ ਨਿਗਮ ਹੁਸ਼ਿਆਰਪੁਰ ਦੇ ਵੱਖ-ਵੱਖ ਵਾਰਡਾਂ ਦੇ 44 ਵਿਕਾਸ ਕਾਰਜਾਂ ਲਈ ਘੋਸ਼ਿਤ ਕੀਤੇ ਗਏ 4.78 ਕਰੋੜ ਰੁਪਏ ਦੇ ਚੈਕ ਮੁੱਖ ਮੰਤਰੀ ਪੰਜਾਬ ਦੇ ਰਾਜਨੀਤੀਕ ਸਲਾਹਕਾਰ ਤਿਕਸ਼ਨ ਸੂਦ ਨੇ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਅਤੇ ਕਮਿਸ਼ਨਰ ਜਸਬੀਰ ਸਿੰਘ ਨੂੰ ਦਿੱਤੇ। ਇਸ ਮੌਕੇ ਤੇ ਉਹਨਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਸੰਗਤ ਦਰਸ਼ਨ ਦੌਰਾਨ ਨਗਰ ਨਿਗਮ ਦੇ 50 ਵਾਰਡਾਂ ਦੇ ਸਮੂਹ ਕੌਂਸਲਰ, ਸ਼ਹਿਰ ਦੇ ਪ੍ਰਮੁੱਖ ਨੁਮਾਇੰਦਿਆਂ ਅਤੇ ਆਮ ਲੋਕਾਂ ਵੱਲੋਂ ਸੰਗਤ ਦਰਸ਼ਨ ਵਿੱਚ ਸ਼ਹਿਰ ਦੇ ਵਿਕਾਸ ਕਾਰਜਾਂ ਅਤੇ ਪ੍ਰਮੁੱਖ ਸਮੱਸਿਆਵਾਂ ਸਬੰਧੀ ਜਾਣਕਾਰੀ ਦਿੱਤੀ। ਇਸ ਸੰਗਤ ਦਰਸ਼ਨ ਦੌਰਾਨ ਮੁੱਖ ਮੰਤਰੀ ਵੱਲੋਂ ਵਿਕਾਸ ਕਾਰਜਾਂ ਲਈ ਕੀਤੀਆਂ ਘੌਸ਼ਨਾਵਾਂ ਨੂੰ ਪੂਰਾ ਕਰਦੇ ਹੋਏ ਇਹ ਰਾਸ਼ੀ ਦੇ ਚੈਕ ਭੇਜੇ ਹਨ। ਉਹਨਾਂ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਕਿਹਾ ਕਿ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿਚ ਘੋਸ਼ਿਤ ਕੀਤੇ ਵਿਕਾਸ ਕਾਰਜਾਂ ਨੂੰ ਜਲਦੀ ਤੋਂ ਜਲਦੀ ਸ਼ੁਰੂ ਕਰਵਾਇਆ ਜਾਵੇ ਅਤੇ ਇਹਨਾਂ ਵਿਕਾਸ ਕਾਰਜਾਂ ਨੂੰ ਪੂਰਾ ਕਰਨ ਲਈ ਵਿਸ਼ੇਸ਼ ਯਤਨ ਕੀਤੇ ਜਾਣ। ਉਹਨਾਂ ਇਹ ਵੀ ਕਿਹਾ ਕਿ ਵਿਕਾਸ ਕਾਰਜ ਕਰਵਾਉਣ ਸਮੇਂ ਉੱਚ-ਕੁਆਲਟੀ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਅਤੇ ਕਿਹਾ ਕਿ ਇਸ ਵਾਰ ਪੰਜਾਬ ਸਰਕਾਰ ਵੱਲੋਂ ਪ੍ਰਾਪਤ ਕੀਤੀਆਂ ਗ੍ਰਾਂਟਾਂ ਨਾਲ ਲੋਕਾਂ ਦੀਆਂ ਸਹੂਲਤਾਂ ਲਈ ਵੱਡੇ ਪੱਧਰ ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਹਨਾਂ ਲੋਕਾਂ ਨੂੰ ਕਿਹਾ ਕਿ ਪੰਜਾਬ ਦੇ ਹਿੱਤ ਲਈ ਅਕਾਲੀ-ਭਾਜਪਾ ਗੱਠ ਜ਼ੋੜ ਨੂੰ ਸਹਿਯੋਗ ਦੇ ਕੇ ਆਉਣ ਵਾਲੇ ਸਮੇਂ ਵਿਚ ਫਿਰ ਅਕਾਲੀ ਭਾਜਪਾ ਸਰਕਾਰ ਬਣਾਕੇ ਸੇਵਾ ਦਾ ਮੌਕਾ ਦੇਣ।

ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸਰਦਾਰ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸੰਗਤ ਦਰਸ਼ਨ ਦੌਰਾਨ ਨਗਰ ਨਿਗਮ ਦੇ ਵੱਖ-ਵੱਖ ਵਾਰਡਾਂ ਵਿਚ ਵਿਕਾਸ ਕਾਰਜਾਂ ਲਈ ਜਾਰੀ ਕੀਤੇ 4.78 ਕਰੋੜ ਦੇ ਚੈਕ ਜ਼ੋ ਮੁੱਖ ਮੰਤਰੀ ਪੰਜਾਬ ਦੇ ਰਾਜਨੀਤੀਕ ਸਲਾਹਕਾਰ ਤਿਕਸ਼ਨ ਸੂਦ ਵੱਲੋਂ ਨਗਰ ਨਿਗਮ ਨੂੰ ਦਿੱਤੇ ਗਏ ਹਨ। ਉਹਨਾਂ ਵਿੱਚ ਨਗਰ ਨਿਗਮ ਦੇ ਵੱਖ-ਵੱਖ ਵਾਰਡਾਂ ਵਿਚ ਕਰਵਾਏ ਜਾਣ ਵਾਲੇ ਵਿਕਾਸ ਕਾਰਜਾਂ ਵਿਚ ਸ਼ਹਿਰ ਵਿਚੋਂ ਵਾਰਡ ਨੰਬਰ 19,20,29 ਅਤੇ 30 ਵਿਚੋਂ ਲੰਘਦੇ ਨਾਲੇ ਨੂੰ ਪੱਕਾ ਕਰਨ ਉਸ ਨੂੰ ਢੱਕਣ ਅਤੇ ਅੰਡਰਗਰਾਉਂਡ ਕੀਤਾ ਜਾਵੇਗਾ, ਇਸੇ ਤਰ੍ਹਾਂ ਵਾਰਡ ਨੰਬਰ 12,14,28 ਅਤੇ 34 ਵਿੱਚ ਨਵੇਂ ਪਾਰਕ ਉਸਾਰੇ ਜਾਣਗੇ, ਵਾਰਡ ਨੰਬਰ 49 ਦੀ ਟੀ.ਪੀ.ਸੀ ਕਲੋਨੀ ਵਿੱਚ ਨਵਾਂ ਟਿਊਬਵੈਲ ਲਗਾਇਆ ਜਾਵੇਗਾ, ਵਾਰਡ ਨੰਬਰ 2,12,16,18,24,33,35 ਅਤੇ 36 ਵਿੱਚ ਜਿੰਮ ਲਈ ਕਮਰੇ ਉਸਾਰੇ ਜਾਣਗੇ, ਵਾਰਡ ਨੰਬਰ 17,24,32,36,43 ਅਤੇ 49 ਵਿੱਚ ਸਕੂਲਾਂ ਲਈ ਕਮਰਿਆਂ ਦੀ ਉਸਾਰੀ ਕੀਤੀ ਜਾਵੇਗੀ, ਵਾਰਡ ਨੰਬਰ 19 ਅਤੇ 48 ਵਿਚ ਇੰਨਟਰਲਾਕਿੰਗ ਟਾਇਲਾਂ ਦੀਆਂ ਗਲੀਆਂ, ਵਾਰਡ ਨੰਬਰ 19 ਵਿਚ ਸਟੇਡੀਅਮ ਦੀ ਉਸਾਰੀ, ਵਾਰਡ ਨੰਬਰ 7,12,15,22,23,31 ਅਤੇ 44 ਵਿਚ ਨਵੇਂ ਕਮਿਊਨਟੀ ਹਾਲ ਉਸਾਰੇ ਜਾਣਗੇ, ਵਾਰਡ ਨੰਬਰ 9 ਵਿੱਚ ਨਵਾਂ ਜੰਜਘਰ ਉਸਾਰਿਆਂ ਜਾਵੇਗਾ, ਵਾਰਡ ਨੰ: 9,13,14 ਅਤੇ 16 ਵਿੱਚ ਸਮਸ਼ਾਨ ਘਾਟ ਉਸਾਰੇ ਜਾਣਗੇ, ਵਾਰਡ ਨੰਬਰ 24 ਵਿਖੇ ਆਯੁਰਵੈਦਿਕ ਡਿਸਪੈਸਰੀ ਅਤੇ ਵਾਰਡ ਨੰਬਰ 11 ਦੇ ਜਿਲ੍ਹਾ ਪ੍ਰੀਸ਼ਦ ਵਿੱਚ ਪਖਾਨਿਆਂ ਦੀ ਉਸਾਰੀ ਕੀਤੀ ਜਾਵੇਗੀ।

ਨਗਰ ਨਿਗਮ ਦੇ ਕਾਰਜ ਸਾਧਕ ਅਫ਼ਸਰ ਰਮੇਸ਼ ਕੁਮਾਰ, ਕਾਰਜਕਾਰੀ ਇੰਜੀਨੀਅਰ ਸਤੀਸ਼ ਸੈਣੀ, ਏ.ਐਮ.ਈ ਹਰਪ੍ਰੀਤ ਸਿੰਘ, ਕੁਲਦੀਪ ਸਿੰਘ, ਜੇ.ਈ ਮਕੈਨੀਕਲ ਅਸ਼ਵਨੀ ਸ਼ਰਮਾ, ਲਵਦੀਪ, ਜੇ.ਈ ਇੰਲੈਕਟ੍ਰੀਕਲ ਅਸ਼ਵਨੀ ਸ਼ਰਮਾ ਅਤੇ ਵਿਜੇ ਪਠਾਨੀਆ ਵੀ ਇਸ ਮੌਕੇ ਤੇ ਹਾਜ਼ਰ ਸਨ।